# ਸੁਸਾਇਟੀ ਫਾਰ ਪ੍ਰਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ(ਮੁਹਾਲੀ)

ਫੋਨ ਨੰ:- 0172-5212313, ਫੈਕਸ ਨੰ:- 0172-5212369


ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ
ਪ੍ਰਿੰਸੀਪਲ ਮੈਰੀਟੋਰੀਅਸ ਸਕੂਲ
ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਜਲੰਧਰ,
ਪਟਿਆਲਾ ਅਤੇ ਐਸ.ਏ.ਐਸ. ਨਗਰ।

ਮੀਮੋ ਨੰ. ਪ੍ਰੋ.ਡਾ./ਮੈਰੀਟੋਰੀਅਸ.ਸੋ./2014/ 252
ਮਿਤੀ ਮੋਹਾਲੀ 4/8/14

ਵਿਸ਼ਾ:- **ਠੇਕੇ ਤੇ ਭਰਤੀ ਕੀਤੇ ਅਧਿਆਪਕ/ਕਰਮਚਾਰੀਆਂ ਦੀ ਛੁੱਟੀ ਬਾਰੇ ਪਾਲਿਸੀ।**

ਉਪਰੋਕਤ ਵਿਸ਼ੇ ਅਧੀਨ ਠੇਕੇ ਤੇ ਭਰਤੀ ਕੀਤੇ ਅਧਿਆਪਕ/ਕਰਮਚਾਰੀਆਂ ਦੀ ਛੁੱਟੀ ਹੇਠ ਲਿਖੇ ਅਨੁਸਾਰ ਮੰਨਜੂਰ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ:-

| ਲੜੀ ਨੰ. | ਛੁੱਟੀ ਦੀ ਕਿਸਮ | ਕੁਲ ਦਿਨ ਵੱਧ ਤੋਂ ਵੱਧ | ਮੰਨਜੂਰ ਕਰਤਾ ਅਧਿਕਾਰੀ | ਵਿਸ਼ੇਸ਼ ਕਥਨ |
|---|---|---|---|---|
| 1 | ਅਚਨਚੇਤ ਛੁੱਟੀ | 12 ਦਿਨ | ਸਕੂਲ ਮੁੱਖੀ | ਲਗਾਤਾਰ 3 ਦਿਨ ਤੋਂ ਵੱਧ ਨਹੀਂ ਅਤੇ ਮਹੀਨੇ ਵਿੱਚ 3 ਦਿਨ ਤੋਂ ਵੱਧ ਨਹੀਂ |
| 2 | ਬਿਨਾਂ ਤਨਖਾਹ ਮੈਡੀਕਲ ਛੁੱਟੀ | 15 ਦਿਨ (ਇੱਕ ਕੈਲੰਡਰ ਸਾਲ ਵਿੱਚ) | ਮੁੱਖ ਦਫ਼ਤਰ | ਮੈਡੀਕਲ ਛੁੱਟੀ ਸਰਕਾਰੀ ਸਿਵਲ ਹਸਪਤਾਲ ਦੇ ਮੈਡੀਕਲ ਅਫਸਰ ਦੁਆਰਾ ਜਾਰੀ ਕੀਤੇ ਸਰਟੀਫਿਕੇਟ ਨੂੰ ਪੇਸ਼ ਕਰਨ ਉਪਰੰਤ ਮਿਲੇਗੀ। |
| | ਬਿਨਾਂ ਤਨਖਾਹ ਪ੍ਰਸੂਤਾ ਛੁੱਟੀ | 3 ਮਹੀਨੇ | ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) | ਮੈਡੀਕਲ ਅਫਸਰ ਦੁਆਰਾ ਤਸਦੀਕ ਕੀਤਾ ਸਰਟੀਫਿਕੇਟ ਲੋੜੀਂਦਾ ਹੈ ਅਤੇ ਇਹ ਛੁੱਟੀ 2 ਜਿਊਂਦੇ ਬੱਚਿਆਂ ਤੱਕ ਸੀਮਿਤ ਹੋਵੇਗੀ। |

ਇਥੇ ਇਹ ਦਸਣਯੋਗ ਹੈ ਕਿ ਜੇਕਰ ਅਧਿਆਪਕ/ਕਰਮਚਾਰੀਆਂ ਬਿਨਾਂ ਪ੍ਰਵਾਨਤ ਛੁੱਟੀ ਜਾਂ ਮੰਨਜੂਰ ਕੀਤੀ ਛੁੱਟੀ ਜਾਂ ਉਸਤੋਂ ਅੱਗੇ ਵਧਾਈ ਛੁੱਟੀ ਤੋਂ ਬਾਅਦ ਲਗਾਤਾਰ ਤਿੰਨ ਦਿਨ ਗੈਰ-ਹਾਜਰ ਰਹਿਦੇ ਹੋ ਤਾਂ ਇਹ ਸਮਝਿਆ ਜਾਵੇ ਕਿ ਉਹ ਬਿਨਾਂ ਕੋਈ ਨੋਟਿਸ ਦਿੱਤੇ ਸਵੈ-ਇੱਛੁਕ ਤੌਰ ਦੇ ਨੌਕਰੀ ਛੱਡ ਚੁੱਕੇ ਹਨ।

04/8/14

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸਕੂਲ,
ਪੰਜਾਬ।

ਪਿਠ ਅੰਕਣ ਨੰ: ਪ੍ਰੋ.ਡਾ./ਮੈਰੀਟੋਰੀਅਸ.ਸੋ./2014/ 253 ਮਿਤੀ: 4/8/14

ਉਪਰੋਕਤ ਦਾ ਉਤਾਰਾ ਡੀ.ਐਮ. (ਐਮ.ਆਈ.ਐਸ.) ਨੂੰ ਨੋਟਿਸ ਬੋਰਡ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸਕੂਲ,
04/8/14. ਪੰਜਾਬ।

# ਸੁਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ(ਮੁਹਾਲੀ)

ਫੋਨ ਨੰ:- 0172-5212313, ਫੈਕਸ ਨੰ:- 0172-5212369


ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪ੍ਰਿੰਸੀਪਲ ਮੈਰੀਟੋਰੀਅਸ ਸਕੂਲ
ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਜਲੰਧਰ,
ਪਟਿਆਲਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪ੍ਰਿੰਸੀਪਲ ਮੈਰੀਟੋਰੀਅਸ ਸਕੂਲ
ਐਸ.ਏ.ਐਸ. ਨਗਰ।

ਮੀਮੋ ਨੰ. ਪ੍ਰੋ.ਡਾ./ਮੈਰੀਟੋਰੀਅਸ.ਸੋ./2014/ 315
ਮਿਤੀ ਮੋਹਾਲੀ 04/09/15

ਵਿਸ਼ਾ:- **ਮੈਰੀਟੋਰੀਅਸ ਸਕੂਲਾਂ ਵਿੱਚ ਠੇਕੇ ਅਧਾਰਿਤ ਅਧਿਆਪਕ/ਕਰਮਚਾਰੀ ਨੂੰ ਛੁੱਟੀਆਂ ਦੇਣ ਸਬੰਧੀ।**

ਹਵਾਲਾ:- ਦਫ਼ਤਰ ਦੇ ਮੀਮੋ ਨੰ. ਪ੍ਰੋ.ਡਾ./ਮੈਰੀਟੋਰੀਅਸ.ਸੋ./2014/252 ਮਿਤੀ 04-08-2014 ਦੀ ਲਗਾਤਾਰਤਾ ਵਿੱਚ (ਕਾਪੀ ਨਾਲ ਨੱਥੀ)।

ਉਪਰੋਕਤ ਵਿਸ਼ੇ ਸੰਬੰਧੀ ਆਪ ਨੂੰ ਦੱਸਿਆ ਜਾਂਦਾ ਹੈ ਕਿ ਇਸ ਸੋਸਾਇਟੀ ਅਧੀਨ ਅਧਿਆਪਕਾਂ ਦਾ ਕੰਟਰੈਕਟ ਇੱਕ ਸਾਲ ਦਾ ਹੈ, ਇੱਕ ਜਮਾਤ ਵਿੱਚ 50 ਵਿਦਿਆਰਥੀਆਂ ਤੋਂ ਵੱਧ ਬੈਠਣ ਦਾ ਪ੍ਰਬੰਧ ਨਹੀਂ ਹੈ ਅਤੇ ਇਨ੍ਹਾਂ ਸਕੂਲਾਂ ਵਿੱਚ ਮੈਰੀਟੋਰੀਅਸ ਵਿਦਿਆਰਥੀ ਪੜ੍ਹ ਰਹੇ ਹਨ। ਇਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਧਿਆਨ ਰੱਖਦੇ ਹੋਏ, ਹੇਠ ਲਿਖੇ ਅਨੁਸਾਰ ਅਧਿਆਪਕ/ਕਰਮਚਾਰੀ ਦੀਆਂ ਛੁੱਟੀਆਂ ਪ੍ਰਵਾਨ ਕੀਤੀਆਂ ਜਾਣ:-

1. ਜਿਹੜਾ ਅਧਿਆਪਕ/ਕਰਮਚਾਰੀ ਲੰਬੀ ਛੁੱਟੀ ਤੇ ਜਾਂਦਾ ਹੈ, ਉਸਨੂੰ ਛੁੱਟੀ ਦੀ ਸੂਚਨਾਂ ਇੱਕ ਮਹੀਨਾ ਪਹਿਲਾਂ ਦੇਣੀ ਪਵੇਗੀ।
2. ਅਚਨਚੇਤ ਛੁੱਟੀ ਇੱਕ ਸਾਲ ਵਿੱਚ 12 ਦਿੱਤੀਆਂ ਜਾਣ।
3. ਪ੍ਰਸੂਤਾ ਛੁੱਟੀ 3 ਮਹੀਨੇ ਦੀ ਬਿਨਾਂ ਤਨਖਾਹ ਦਿੱਤੀ ਜਾਵੇਗੀ ਤਾਂ ਜੋ ਇਸ ਤਨਖਾਹ ਵਿਚੋਂ ਆਰਜੀ ਪ੍ਰਬੰਧ ਕਰਕੇ ਅਧਿਆਪਕ ਰੱਖ ਲਿਆ ਜਾਵੇ।
4. ਕਮਾਈ ਛੁੱਟੀ ਤਨਖਾਹ ਸਮੇਤ ਨਹੀਂ ਦਿੱਤੀ ਜਾਵੇ।
5. ਜੋ ਵੀ ਲੰਬੀ ਛੁੱਟੀ ਤੇ ਜਾਂਦਾ ਹੈ ਉਸ ਨੂੰ ਤਨਖਾਹ ਨਹੀਂ ਦਿੱਤੀ ਜਾਵੇਗੀ।
6. ਸਕੂਲਾਂ ਦੇ ਕਰਮਚਾਰੀਆਂ ਦੀ ਛੁੱਟੀ ਸਕੂਲ ਪ੍ਰਿੰਸੀਪਲ ਮੰਜੂਰ ਕਰੇਗਾ। ਸਕੂਲ ਪ੍ਰਿੰਸੀਪਲ ਦੀ ਛੁੱਟੀ ਪ੍ਰੋਜੈਕਟ ਡਾਇਰੈਕਟਰ ਮੰਜੂਰ ਕਰੇਗਾ।

ਇਹ ਆਪ ਦੀ ਸੂਚਨਾ ਹਿੱਤ ਪੇਸ਼ ਹੈ।

05/9/14

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸਕੂਲ